# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13-10**

**ਮਿਤੀ : 21-06-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਪੂਰੀ ਦੁਨੀਆ ਕਿਸੇ ਨਾ ਕਿਸੇ ਤਣਾਅ ਵਿਚੋਂ ਗੁਜ਼ਰ ਰਹੀ ਏ ਤੇ ਅਜਿਹੀ ਸਥਿਤੀ ਵਿੱਚ, ਯੋਗ ਸਾਨੂੰ ਸ਼ਾਂਤੀ ਦੀ ਦਿਸ਼ਾ ਦਿੰਦਾ ਏ. ਵਿਸ਼ਾਖਾਪਟਨਮ ਤੋਂ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਜਸ਼ਨਾਂ ਦੀ ਅਗਵਾਈ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ 11ਵੀਂ ਵਾਰ, ਦੁਨੀਆ ਯੋਗ ਅਭਿਆਸ ਲਈ ਇਕੱਤਰ ਹੋਈ ਏ , ਜੋ ਇਹ ਦਰਸਾਉਂਦਾ ਏ ਕਿ ਕਿਵੇਂ ਯੋਗ ਨੇ ਦੁਨੀਆ ਭਰ ਦੇ ਲੋਕਾਂ ਨੂੰ ਸੋਹਣੇ ਢੰਗ ਆਪਣੇ ਨਾਲ ਜੋੜਿਆ ਏ। ਪ੍ਰਧਾਨ ਮੰਤਰੀ ਨੇ ਕਿਹਾ ਏ ਕਿ ਇਸ ਸਾਲ ਦਾ ਵਿਸ਼ਾ "ਇਕ ਧਰਤੀ, ਇਕ ਸਿਹਤ ਲਈ ਯੋਗ", ਯਾਦ ਦਿਵਾਉਂਦਾ ਏ ਕਿ ਕਿਵੇਂ ਦੁਨੀਆ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਖੁਸ਼ਹਾਲ ਤੇ ਸਿਹਤਮੰਦ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਰਲ ਕੇ ਅੱਗੇ ਆਉਂਦੀ ਏ।

**Byte–**

---------------------------------------------------

ਪੰਜਾਬ ਵਿਚ ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਨੇ ਅੱਜ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸਿਹਤ ਸੰਭਾਲ ਪੇਸ਼ੇਵਰਾਂ ਦੁਆਰਾ ਸਭ ਤੋਂ ਵੱਡੇ ਯੋਗਾ ਸੈਸ਼ਨ ਲਈ ਏਸ਼ੀਆ ਬੁੱਕ ਆਫ਼ ਰਿਕਾਰਡਜ਼ ਦਾ ਨਵਾਂ ਖਿਤਾਬ ਕਾਇਮ ਕੀਤਾ। ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਨੇ ਖੁਸ਼ੀ ਜਾਹਿਰ ਕਰਦਿਆਂ ਆਕਾਸ਼ਵਾਣੀ ਖ਼ਬਰਾਂ ਜਲੰਧਰ ਨੂੰ ਦੱਸਿਆ ਕਿ ਇਸ ਰਾਸ਼ਟਰੀ ਸਮਾਗਮ ਵਿੱਚ 3,003 (3 ਹਜ਼ਾਰ 3) ਭਾਗੀਦਾਰਾਂ, ਜਿਨ੍ਹਾਂ ਵਿਚ ਡਾਕਟਰ, ਐਮਬੀਬੀਐਸ ਵਿਦਿਆਰਥੀ, ਨਰਸਿੰਗ ਵਿਦਿਆਰਥੀ, ਪੈਰਾਮੈਡਿਕਸ ਤੇ ਸਿਹਤ ਸੰਭਾਲ ਪੇਸ਼ੇਵਰ ਸ਼ਾਮਲ ਸਨ, ਨੇ ਹਿੱਸਾ ਲਿਆ।

---------------------------------------------------

ਇਸ ਤੋਂ ਪਹਿਲਾਂ ਪੀ.ਜੀ.ਆਈ. ਚੰਡੀਗੜ੍ਹ ਪਿਛਲੇ ਸਾਲ 1924 ਸਿਹਤ ਸੰਭਾਲ ਸਟਾਫ ਦੀ ਭਾਗੀਦਾਰੀ ਨਾਲ ਏਸ਼ੀਆ ਬੁੱਕ ਆਫ਼ ਰਿਕਾਰਡਜ਼

ਵਿਚ ਥਾਂ ਰੱਖ ਰਿਹਾ ਸੀ। ਇਹ ਦਿਨ ਰਾਜ ਭਰ ਵਿੱਚ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ । ਚੰਡੀਗੜ੍ਹ ਵਿੱਚ, ਪੰਜਾਬ ਦੇ ਰਾਜਪਾਲ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਸਿਹਤ, ਤੰਦਰੁਸਤੀ ਤੇ ਸਦਭਾਵਨਾ ਦਾ ਜਸ਼ਨ ਮਨਾਉਣ ਲਈ ਸ਼ਹਿਰ ਦੀ ਅਗਵਾਈ ਕੀਤੀ । ਜਦਕਿ ਸਰਹੱਦੀ ਸੁਰੱਖਿਆ ਬਲ (BSF) ਨੇ ਅੰਮ੍ਰਿਤਸਰ ਦੇ ਸਰਹੱਦੀ ਪਿੰਡਾਂ ਦੇ ਵਸਨੀਕਾਂ ਨੂੰ ਸ਼ਾਮਲ ਕਰਕੇ ਅਟਾਰੀ ਸਾਂਝੀ ਚੈੱਕ ਪੋਸਟ 'ਤੇ "ਏਕ ਪ੍ਰਿਥਵੀ, ਏਕ ਸਵਾਸਥ ਕੇ ਲੀਏ ਯੋਗ" ਥੀਮ ਤਹਿਤ ਯੋਗ ਦਿਵਸ ਮਨਾਇਆ । BSF ਪੰਜਾਬ ਫਰੰਟੀਅਰ ਦੇ ਇੰਸਪੈਕਟਰ ਜਨਰਲ, ਡਾ. ਅਤੁਲ ਫੁਲਜ਼ੇਲੇ ਨੇ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਸਰਹੱਦੀ ਪਿੰਡਾਂ ਦੇ ਵਸਨੀਕਾਂ ਨਾਲ BSF ਸੈਨਿਕਾਂ ਨੂੰ ਜੋੜਨਾ ਵੀ ਸੀ ।

**Byte-**

---------------------------------------------------------------

11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਅੱਜ ਸਵੇਰੇ ਫਿਰੋਜ਼ਪੁਰ ਦੇ ਰੇਲਵੇ ਔਫੀਸਰਸ ਕਲੱਬ ਵਿਖੇ ਇਕ ਵਿਸ਼ੇਸ਼ ਯੋਗ ਕੈਂਪ ਲਗਾਇਆ

ਗਿਆ। ਕੈਂਪ ਵਿੱਚ, ਫਿਰੋਜ਼ਪੁਰ ਡਿਵੀਜ਼ਨ ਦੇ ਐਡੀਸ਼ਨਲ ਡਿਵੀਜ਼ਨਲ ਰੇਲਵੇ ਮੈਨੇਜਰ ਰਾਜੇਂਦਰ ਕੁਮਾਰ ਕਾਲੜਾ ਨੇ ਲਗਭਗ 100 ਰੇਲਵੇ ਅਧਿਕਾਰੀਆਂ, ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਯੋਗਾ ਕੀਤਾ। ਕੈਂਪ ਵਿੱਚ, ਪਤੰਜਲੀ ਯੋਗ ਪੀਠ (ਹਰਿਦੁਆਰ), ਭਾਰਤ ਸਵਾਭਿਮਾਨ ਟਰੱਸਟ ਤੇ ਜੀਵਨ ਕਲਾ ਯੋਗ ਸਮਿਤੀ ਫਿਰੋਜ਼ਪੁਰ ਦੇ ਤਜਰਬੇਕਾਰ ਯੋਗ ਮਾਹਿਰ ਡਾ. ਗੁਰਨਾਮ ਸਿੰਘ, ਕੁਲਜੀਤ ਸਿੰਘ, ਮਨੋਜ ਆਰੀਆ ਤੇ ਹੋਰ ਮਾਹਿਰਾਂ ਦੀ ਅਗਵਾਈ ਹੇਠ ਯੋਗ ਆਸਣਾਂ ਰਾਹੀਂ ਬਿਮਾਰੀਆਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ ਗਈ

---------------------------------------------------------------------

ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਨੇ ਪੰਜਾਬ ਪੁਲਿਸ ਦੇ ਵਧੀਕ ਡਾਇਰੈਕਟਰ ਜਨਰਲ (ADGP), ਸਾਈਬਰ ਕ੍ਰਾਈਮ ਨੂੰ ਸੋਸ਼ਲ ਮੀਡੀਆ 'ਤੇ ਅਸ਼ਲੀਲਤਾ ਫੈਲਾਉਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਨੇ। ਕਮਿਸ਼ਨ ਦੇ ਚੇਅਰਮੈਨ, ਕੰਵਰਦੀਪ ਸਿੰਘ ਨੇ ਨਿਰਦੇਸ਼ ਦਿੱਤੇ ਨੇ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਸ਼ਲੀਲ ਸਮੱਗਰੀ ਅਪਲੋਡ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਜੋ ਬੱਚੇ ਸੋਸ਼ਲ ਮੀਡੀਆ ਦੇ ਸਖ਼ਤ ਪ੍ਰਭਾਵ ਹੇਠ ਨੇ ਤੇ ਅਜਿਹੇ ਵੀਡੀਓਸ ਅਪਲੋਡ ਕਰਨ ਤੇ ਸੋਸ਼ਲ ਮੀਡੀਆ 'ਤੇ ਨਸ਼ਿਆਂ ਤੇ ਬੰਦੂਕ ਚਲਣ ਨੂੰ ਉਤਸ਼ਾਹਿਤ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਏ । ਕਮਿਸ਼ਨ ਨੇ ADGP ਨੂੰ ਇਸ ਸੰਦਰਭ ਵਿੱਚ ਕੀਤੀ ਗਈ ਕਾਰਵਾਈ ਬਾਰੇ 15 ਦਿਨਾਂ ਦੇ ਅੰਦਰ ਜਾਣਕਾਰੀ ਦੇਣ ਲਈ ਕਿਹਾ ਏ ।